| Publication : Jagbani | Edition : Chandigarh |
| --- | --- |
| Date : April 01, 2019 | Page: 07 |

# ਅੱਜ ਬੈਂਕ ਆਫ ਬੜੌਦਾ ਬਣੇਗਾ ਦੇਸ਼ ਦਾ ਤੀਜਾ ਵੱਡਾ ਬੈਂਕ

ਨਵੀਂ ਦਿੱਲੀ, 31 ਮਾਰਚ (ਭਾਸ਼ਾ)- 1 ਅਪ੍ਰੈਲ ਤੋਂ ਦੇਸ਼ ਦੇ 2 ਸਰਕਾਰੀ ਬੈਂਕਾਂ ਦਾ ਨਾਂ ਬਦਲ ਜਾਵੇਗਾ। ਇਹ ਜਾਣਕਾਰੀ ਭਾਰਤੀ ਰਿਜ਼ਰਵ ਬੈਂਕ (ਆਰ.ਬੀ.ਆਈ.) ਨੇ ਇਕ ਬਿਆਨ ਜਾਰੀ ਕਰ ਕੇ ਦਿੱਤੀ ਹੈ। ਆਰ.ਬੀ.ਆਈ. ਦੇ ਬਿਆਨ ਅਨੁਸਾਰ 1 ਅਪ੍ਰੈਲ ਤੋਂ ਜਨਤਕ ਖੇਤਰ ਦੇ ਵਿਜਯਾ ਬੈਂਕ ਤੇ ਦੇਨਾ ਬੈਂਕ ਦਾ ਬੈਂਕ ਆਫ ਬੜੌਦਾ 'ਚ ਰਲੇਵਾਂ ਹੋ ਜਾਵੇਗਾ। ਇਸ ਰਲੇਵੇਂ ਤੋਂ ਬਾਅਦ ਇਨ੍ਹਾਂ ਦੋਵਾਂ ਬੈਂਕਾਂ ਦੀਆਂ ਬ੍ਰਾਂਚਾਂ ਬੈਂਕ ਆਫ ਬੜੌਦਾ ਦੇ ਆਊਟਲੈੱਟ ਦੇ ਰੂਪ 'ਚ ਕੰਮ ਕਰਨਗੀਆਂ।

ਆਰ.ਬੀ.ਆਈ. ਅਨੁਸਾਰ 1 ਅਪ੍ਰੈਲ ਤੋਂ ਵਿਜਯਾ ਬੈਂਕ ਤੇ ਦੇਨਾ ਬੈਂਕ ਦੇ ਨਾਲ ਲੈਣ-ਦੇਣ ਕਰਨ ਵਾਲੇ ਸਾਰੇ ਗਾਹਕ ਬੈਂਕ ਆਫ ਬੜੌਦਾ ਦੇ ਗਾਹਕ ਮੰਨੇ ਜਾਣਗੇ। ਇਸ ਰਲੇਵੇਂ ਨਾਲ ਬੈਂਕ ਆਫ ਬੜੌਦਾ ਭਾਰਤੀ ਸਟੇਟ ਬੈਂਕ (ਐੱਸ.ਬੀ.ਆਈ.) ਤੇ ਆਈ.ਸੀ.ਆਈ.ਸੀ.ਆਈ. ਬੈਂਕ ਤੋਂ ਬਾਅਦ ਦੇਸ਼ ਦਾ ਤੀਜਾ ਸਭ ਤੋਂ ਵੱਡਾ ਬੈਂਕ ਬਣ ਜਾਵੇਗਾ। ਰਲੇਵੇਂ ਨਾਲ ਬੈਂਕ ਆਫ ਬੜੌਦਾ ਦਾ ਕੁਲ ਕਾਰੋਬਾਰ 14.82 ਲੱਖ ਕਰੋੜ ਰੁਪਏ ਦਾ ਹੋ ਜਾਵੇਗਾ। ਇਸ ਰਲੇਵੇਂ ਤੋਂ ਬਾਅਦ ਬੈਂਕ ਆਫ ਬੜੌਦਾ ਕੋਲ ਕੁਲ 9401 ਬੈਂਕ ਸ਼ਾਖਾਵਾਂ ਤੇ ਕੁਲ 13,432 ਏ.ਟੀ.ਐੱਮ. ਹੋ ਜਾਣਗੇ। ਐੱਸ.ਬੀ.ਆਈ. ਦੇ 59,291 ਏ.ਟੀ.ਐੱਮ. ਤੇ 18,000 ਤੋਂ ਜ਼ਿਆਦਾ ਬ੍ਰਾਂਚਾਂ ਹਨ। ਉਥੇ ਹੀ ਆਈ.ਸੀ.ਆਈ.ਸੀ.ਆਈ. ਦੇ ਕੋਲ 4867 ਬ੍ਰਾਂਚਾਂ ਤੇ 14,367 ਏ.ਟੀ.ਐੱਮ. ਹਨ। ਇਸ ਰਲੇਵੇਂ ਤੋਂ ਪਹਿਲਾਂ ਕਾਰੋਬਾਰ ਨੂੰ ਸੁਚਾਰੂ ਬਣਾਏ ਰੱਖਣ ਲਈ ਸਰਕਾਰ ਨੇ ਬੈਂਕ ਆਫ ਬੜੌਦਾ ਨੂੰ 5042 ਕਰੋੜ ਰੁਪਏ ਦਿੱਤੇ ਹਨ।



## ਗਾਹਕਾਂ 'ਤੇ ਪਵੇਗਾ ਇਹ ਅਸਰ

- ਇਸ ਰਲੇਵੇਂ ਤੋਂ ਬਾਅਦ ਵਿਜਯਾ ਤੇ ਦੇਨਾ ਬੈਂਕ ਦੇ ਗਾਹਕਾਂ ਦਾ ਖਾਤਾ ਨੰਬਰ ਬਦਲ ਜਾਵੇਗਾ।
- ਖਾਤਾ ਨੰਬਰ ਬਦਲਣ ਕਾਰਨ ਸਾਰੇ ਗਾਹਕਾਂ ਦੀ ਪਾਸਬੁੱਕ ਤੇ ਚੈੱਕਬੁੱਕ ਵੀ ਬਦਲ ਜਾਵੇਗੀ।
- ਦੋਵਾਂ ਬੈਂਕਾਂ ਦੇ ਸਾਰੇ ਗਾਹਕਾਂ ਨੂੰ ਨਵੇਂ ਡੈਬਿਟ/ਏ.ਟੀ.ਐੱਮ. ਕਾਰਡ ਤੇ ਕ੍ਰੈਡਿਟ ਕਾਰਡ ਲੈਣੇ ਹੋਣਗੇ।
- ਬੈਂਕ ਦਾ ਨਾਂ ਬਦਲਣ ਕਾਰਨ ਗਾਹਕਾਂ ਦੀਆਂ ਬ੍ਰਾਂਚਾਂ ਦੇ ਆਈ.ਐੱਫ.ਐੱਸ.ਸੀ. ਕੋਡ ਵੀ ਬਦਲ ਜਾਣਗੇ।

## ਗਾਹਕਾਂ ਨੂੰ ਸੂਚਨਾ ਦੇ ਰਹੇ ਨੇ ਬੈਂਕ

ਵਿਜਯਾ ਬੈਂਕ ਤੇ ਦੇਨਾ ਬੈਂਕ ਨੇ ਆਪਣੇ ਗਾਹਕਾਂ ਨੂੰ ਰਲੇਵੇਂ ਦੀ ਜਾਣਕਾਰੀ ਦੇਣੀ ਸ਼ੁਰੂ ਕਰ ਦਿੱਤੀ ਹੈ। ਇਸ ਲਈ ਦੋਵੇਂ ਬੈਂਕ ਆਪਣੇ ਗਾਹਕਾਂ ਨੂੰ ਐੱਸ.ਐੱਮ.ਐੱਸ. ਜ਼ਰੀਏ ਜਾਣਕਾਰੀ ਦੇ ਰਹੇ ਹਨ। ਦੋਵਾਂ ਬੈਂਕਾਂ ਵਲੋਂ ਕਿਹਾ ਜਾ ਰਿਹਾ ਹੈ ਕਿ ਰਲੇਵੇਂ ਤੋਂ ਬਾਅਦ ਵੀ ਤੁਹਾਡੀ ਜਮ੍ਹਾ ਰਾਸ਼ੀ 'ਤੇ ਕੋਈ ਅਸਰ ਨਹੀਂ ਪਵੇਗਾ। ਜਦੋਂ ਤੱਕ ਬੈਂਕਾਂ ਦਾ ਨਾਂ ਬਦਲੇਗਾ, ਉਦੋਂ ਤੱਕ ਸਾਰੇ ਗਾਹਕ ਪੁਰਾਣੇ ਤਰੀਕੇ ਨਾਲ ਹੀ ਬੈਂਕਿੰਗ ਸੇਵਾਵਾਂ ਦਾ ਲਾਭ ਲੈਂਦੇ ਰਹਿਣਗੇ।